## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ, ਐਸ.ਏ.ਐਸ. ਨਗਰ।
## (ਸੇਵਾਵਾਂ ਸਾਖਾ)

---

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ(ਐਸਿ), ( ਵੈੱਬਸਾਈਟ ਰਾਹੀਂ )
   ਪੰਜਾਬ।
2. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ( ਵੈੱਬ ਸਾਈਟ ਰਾਹੀਂ )
   ਪੰਜਾਬ।

ਮੀਮੋ ਨੰ: 10/76-18ਸੇਪ੍(4)/318
ਮਿਤੀ : ਐਸ.ਏ.ਐਸ. ਨਗਰ: 15-03-2018

ਵਿਸ਼ਾ:- **ਡੀ.ਡੀ.ਓ. ਵੱਲੋਂ ਆਪਣੇ ਅਧੀਨ ਕੰਮ ਕਰਦੇ ਅਮਲੇ ਦਾ ਟੀ.ਡੀ.ਐਸ. ਸਮੇਂ ਸਿਰ ਕੱਟਣ ਅਤੇ ਰਿਟਰਨ ਫਾਇਲ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਜ਼ਿਲ੍ਹਿਆਂ ਦੇ ਡੀ.ਡੀ.ਓਜ. ਵੱਲੋਂ ਉਨ੍ਹਾਂ ਅਧੀਨ ਕੰਮ ਕਰਦੇ ਅਮਲੇ ਦਾ ਨਿਯਮਾਂ ਅਨੁਸਾਰ ਟੀ.ਡੀ.ਐਸ. ਨਹੀਂ ਕੱਟਿਆ ਜਾਂਦਾ, ਜੇਕਰ ਕੱਟਿਆ ਜਾਂਦਾ ਹੈ ਤਾਂ ਉਹ ਸਬੰਧਤ ਵਿਭਾਂਗ ਵਿੱਚ ਜਮਾਂ ਨਹੀਂ ਕਰਵਾਇਆ ਜਾਂਦਾ। ਜੇਕਰ ਜਮ੍ਹਾ ਕਰਵਾ ਵੀ ਦਿੱਤਾ ਜਾਂਦਾ ਹੈ ਤਾਂ ਕਰਮਚਾਰੀਆਂ ਦੀ ਟੀ.ਡੀ.ਐਸ. ਦੀ ਕਟੌਤੀ ਸਬੰਧੀ ਇਨਕਮ ਟੈਕਸ ਵਿਭਾਗ ਵਿੱਚ ਰਿਟਰਨ ਸਮੇਂ ਸਿਰ ਫਾਇਲ ਨਹੀਂ ਕੀਤੀ ਜਾਂਦੀ। ਜਦੋ ਇਨਕਮ ਟੈਕਸ ਵਿਭਾਗ ਵੱਲੋਂ ਕਰਮਚਾਰੀਆਂ ਦੀਆਂ ਇਨਕਮ ਟੈਕਸ ਰਿਟਰਨਾਂ ਦੀ ਪੜਤਾਲ ਕੀਤੀ ਜਾਂਦੀ ਹੈ ਤਾਂ ਸਬੰਧਤ ਕਰਮਚਾਰੀਆਂ ਨੂੰ ਕਸੂਰਵਾਰ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਇਨਕਮ ਟੈਕਸ ਵਿਭਾਗ ਵੱਲੋਂ ਨੋਟਿਸ ਭੇਜਕੇ ਜੁਰਮਾਨਾ ਪਾਇਆ ਜਾਂਦਾ ਹੈ। ਜਿਸ ਕਰਕੇ ਕਰਮਚਾਰੀਆਂ ਨੂੰ ਬਿਨਾਂ ਵਜ੍ਹਾ ਜੁਰਮਾਨਾ ਅਦਾ ਕਰਨਾ ਪੈਂਦਾ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕਰਮਚਾਰੀਆਂ ਦੀ ਟੀ.ਡੀ.ਐਸ. ਕਟੌਤੀ ਅਤੇ ਰਿਟਰਨ ਸਮੇਂ ਸਿਰ ਫਾਇਲ ਕਰਵਾਉਣੀ ਯਕੀਣੀ ਬਣਾਈ ਜਾਵੇ। ਕਿਉਂਕਿ ਬਤੌਰ ਡੀ.ਡੀ.ਓਜ. ਇਹ ਜਿੰਮੇਵਾਰੀ ਆਪ ਦੀ ਬਣਦੀ ਹੈ। ਇਸ ਵਿੱਚ ਕਿਸੇ ਕਿਸਮ ਦੀ ਕੋਈ ਅਣਗਹਿਲੀ ਨਾ ਵਰਤੀ ਜਾਵੇ। ਜੇਕਰ ਭਵਿੱਖ ਵਿੱਚ ਅਜਿਹੀ ਕੋਈ ਸ਼ਿਕਾਇਤ ਵਿਭਾਗ ਦੇ ਧਿਆਨ ਵਿੱਚ ਆਈ ਤਾਂ ਸਬੰਧਤ ਡੀ.ਡੀ.ਓ. ਵਿਰੁੱਧ ਬਣਦੀ ਅਨੁਸਾਸ਼ਨੀ ਕਰਵਾਈ ਕੀਤੀ ਜਾਵੇਗੀ।

**ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.) ਪੰਜਾਬ।**